# ਪ੍ਰੈਸ ਨੋਟ

ਮਿਤੀ 27-4-2022 ਨੂੰ ਭੁਪਿੰਦਰ ਸਿੰਘ ਪੁੱਤਰ ਰਾਜਪਾਲ ਸਿੰਘ ਵਾਸੀ ਫ੍ਰੈਂਡਜ ਐਵੀਨਿਊ ਮਜੀਠਾ ਰੋਡ ਅਮ੍ਰਿਤਸਰ ਨੇ ਪੁਲਿਸ ਪਾਸ ਇਤਲਾਹ ਦਿੱਤੀ ਸੀ ਕਿ ਉਹ ਆਪਣੇ ਮਾਮਾ ਸਤਪਾਲ ਸਿੰਘ ਵਾਸੀ ਅਕਬਰਪੁਰ ਥਾਣਾ ਬੇਗੋਵਾਲ ਪਾਸ ਰਹਿੰਦਾ ਹੈ। ਉਸ ਦਾ ਮਾਮਾ ਸਤਪਾਲ ਸਿੰਘ ਪਿੰਡ ਜਲਾਲਪੁਰ ਥਾਣਾ ਟਾਂਡਾ ਵਿਖੇ ਕੋਠੀ ਬਣਾ ਰਿਹਾ ਹੈ। ਜਿਸ ਨੂੰ ਦੇਖਣ ਲਈ ਉਹ ਮਿਤੀ 26-4-2022 ਨੂੰ ਆਪਣੇ ਮੋਟਰ ਸਾਇਕਲ ਨੰਬਰ PB07 BT 0682 ਮਾਰਕਾ X ਬਲੇਡ ਹਾਂਡਾ ਪਰ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਵਕਤ ਕਰੀਬ 9.30 PM ਜਦ ਉਹ ਪਿੰਡ ਨੰਗਲੀ ਥਾਣਾ ਟਾਂਡਾ ਪਾਸ ਪੁੱਜਾ ਤਾਂ ਇੱਕ ਚਿੱਟੇ ਰੰਗ ਦੀ ਇੰਡੀਕਾ ਕਾਰ ਉਸ ਦੇ ਪਿੱਛੋ ਆਈ, ਅਤੇ ਕਾਰ ਦੇ ਡਰਾਇਵਰ ਨੇ ਉਸ ਨੂੰ ਸਾਇਡ ਮਾਰੀ ਅਤੇ ਉਹ ਥੱਲੇ ਡਿੱਗ ਪਿਆ ਅਤੇ ਫਿਰ ਨਾ ਮਾਲੂਮ ਕਾਰ ਦੇ ਡਰਾਇਵਰ ਅਤੇ ਕਾਰ ਵਿੱਚ ਬੈਠੇ ਇੱਕ ਹੋਰ ਸਰਦਾਰ ਨੌਜਵਾਨ ਨੇ ਦਾਤਰ ਮਾਰਨ ਦਾ ਡਰਾਵਾ ਦੇ ਕੇ ਉਸ ਪਾਸੋ 1000/- ਰੁਪਏ, ਮੋਬਾਇਲ ਫੋਨ ਅਤੇ ਉਸ ਦਾ ਮੋਟਰ ਸਾਇਕਲ ਉਕਤ ਖੋਹ ਕੇ ਫਰਾਰ ਹੋ ਗਏ। ਇਤਲਾਹ ਮਿਲਣ ਤੇ ਮੁਦਈ ਮੁੱਕਦਮਾ ਵੱਲੋ ਖੋਹ ਕਰਨ ਵਾਲੇ ਨਾ-ਮਾਲੂਮ ਵਿਅਕਤੀਆ ਦੇ ਜੋ ਹੁਲਿਏ ਅਤੇ ਉਮਰ ਵਗੈਰਾ ਦੱਸੀ ਗਈ ਸੀ ਉਹਨਾ ਵਿਅਕਤੀਆ ਬਾਰੇ ਸ਼ਨਾਖਤ ਕਰਕੇ ਥਾਣਾ ਟਾਂਡਾ ਵਿਖੇ ਮੁੱਕਦਮਾ ਨੰਬਰ 88 ਮਿਤੀ 27-4-2022 ਅ/ਧ 379-ਬੀ IPC ਦਰਜ ਰਜਿਸ਼ਟਰ ਕਰਕੇ ਦੋਸ਼ੀਆਨ ਸੁਖਜਿੰਦਰ ਸਿੰਘ ਉਰਫ ਸੁੱਖਾ ਪੁੱਤਰ ਜਗਜੀਤ ਸਿੰਘ ਵਾਸੀ ਜੋਹਲਾ ਥਾਣਾ ਗੜਦੀਵਾਲ ਜਿਲਾ ਹੁਸ਼ਿਆਰਪੁਰ ਅਤੇ ਰਜਿੰਦਰ ਸਿੰਘ ਉਰਫ ਜਿੰਦਰ ਪੁੱਤਰ ਨਰਿੰਦਰ ਸਿੰਘ ਵਾਸੀ ਕੰਧਾਲੀ ਨਰੰਗਪੁਰ ਥਾਣਾ ਟਾਂਡਾ ਨੂੰ ਨਾਮਜਦ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ।

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਜੀ ਸ਼੍ਰੀ ਸਰਤਾਜ ਸਿੰਘ ਚਾਹਲ IPS, ਸ਼੍ਰੀ ਮੁਖਤਿਆਰ ਰਾਏ, PPS ਪੁਲਿਸ ਕਪਤਾਨ ਇੰਸਨਵੈਸਟੀਗੇਸ਼ਨ ਹੁਸ਼ਿਆਰਪੁਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮੁੱਕਦਮਾ ਵਿੱਚ ਦੋਸ਼ੀਆ ਨੂੰ ਗ੍ਰਿਫਤਾਰ ਕਰਨ ਲਈ ਸ਼੍ਰੀ ਰਾਜ ਕੁਮਾਰ PPS, DSP ਟਾਂਡਾ ਦੀ ਅਗਵਾਈ ਹੇਠ ਮੁੱਖ ਅਫਸਰ ਥਾਣਾ ਟਾਂਡਾ SI ਜਬਰਜੀਤ ਸਿੰਘ ਵੱਲੋ ਇਲਾਕਾ ਟਾਂਡਾ ਦੇ ਏਰੀਆ ਅੰਦਰ ਭੈੜੇ ਪੁਰਸ਼ਾ ਖਿਲਾਫ ਚਲਾਈ ਗਈ ਮੁਹਿੰਮ ਤਹਿਤ ਮੁਕੱਦਮੇ ਨੂੰ 03 ਦਿਨਾਂ ਦੇ ਅੰਦਰ ਟਰੇਸ ਕਰਦੇ ਹੋਏ ਉਸ ਸਮੇ ਵੱਡੀ ਕਾਮਯਾਬੀ ਹਾਸਲ ਹੋਈ ਜਦੋ ਮਿਤੀ 1-5-2022 ਨੂੰ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਨ ਸੁਖਜਿੰਦਰ ਸਿੰਘ ਉਰਫ ਸੁੱਖਾ ਪੁੱਤਰ ਜਗਜੀਤ ਸਿੰਘ ਵਾਸੀ ਜੋਹਲਾ ਥਾਣਾ ਗੜਦੀਵਾਲ ਜਿਲਾ ਹੁਸ਼ਿਆਰਪੁਰ ਅਤੇ ਰਜਿੰਦਰ ਸਿੰਘ ਉਰਫ ਜਿੰਦਰ ਪੁੱਤਰ ਨਰਿੰਦਰ ਸਿੰਘ ਵਾਸੀ ਕੰਧਾਲੀ ਨਰੰਗਪੁਰ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਸਮੇਂ ਵਰਤੀ ਗਈ ਇੰਡੀਕਾ ਕਾਰ, ਦਾਤਰ ਅਤੇ ਖੋਹ ਕੀਤਾ ਗਿਆ ਮੋਟਰ ਸਾਇਕਲ ਨੂੰ ਬ੍ਰਾਮਦ ਕਰ ਲਿਆ ਗਿਆ ਹੈ। ਇਸ ਤੋ ਇਲਾਵਾ ਦੋਸ਼ੀਆ ਵੱਲੋ ਮਿਤੀ 20-4-2022 ਨੂੰ ਵੀ ਰਣਦੀਪ ਸਿੰਘ ਪੁੱਤਰ ਤੇਜਾ ਸਿੰਘ ਵਾਸੀ ਕੰਧਾਲੀ ਨਰੰਗਪੁਰ ਥਾਣਾ ਟਾਂਡਾ ਨੂੰ ਕੁੱਟ ਮਾਰ ਕਰਕੇ ਜਖਮੀ ਕੀਤਾ ਸੀ, ਤੇ ਇਸ ਸਬੰਧ ਵਿੱਚ ਮੁਕੱਦਮਾ ਨੰਬਰ 84 ਮਿਤੀ 23-4-2022 ਅ/ਧ 323,324,326,506,34 IPC ਥਾਣਾ ਟਾਂਡਾ ਦਰਜ ਰਜਿਸ਼ਟਰ ਕੀਤਾ ਗਿਆ ਸੀ। ਜਿਸ ਵਿੱਚ ਵੀ ਦੋਸ਼ੀਆ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀਆ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕਰਕੇ ਹੋਰ ਵੀ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ। ਦੋਸ਼ੀ ਰਜਿੰਦਰ ਸਿੰਘ ਉਰਫ ਜਿੰਦਰ ਥਾਣਾ ਟਾਂਡਾ ਦੇ ਮੁੱਕਦਮਾ ਨੰਬਰ 54/15 ਅਤੇ ਥਾਣਾ ਗੜਦੀਵਾਲ ਦੇ ਮੁੱਕਦਮਾ ਨੰਬਰ 84/15 ਵਿੱਚ PO ਹੈ ।

## ਦੋਸ਼ੀਆ ਪਾਸੋ ਕੀਤੀ ਗਈ ਬ੍ਰਾਮਦਗੀ

1. ਵਾਰਦਾਤ ਵਿੱਚ ਵਰਤੀ ਗਈ ਇੰਡੀਕਾ ਕਾਰ
2. ਦਾਤਰ
3. ਖੋਹ ਕੀਤਾ ਗਿਆ ਮੋਟਰ ਸਾਇਕਲ PB07 BT 0682

## ਦੋਸ਼ੀਆ ਖਿਲਾਫ ਪਹਿਲਾ ਦਰਜ ਮੁੱਕਦਮੇ

### ਸੁਖਜਿੰਦਰ ਸਿੰਘ ਉਰਫ ਸੁੱਖਾ ਪੁੱਤਰ ਜਗਜੀਤ ਸਿੰਘ ਵਾਸੀ ਜੋਹਲਾ ਥਾਣਾ ਗੜਦੀਵਾਲ ਜਿਲਾ ਹੁਸ਼ਿਆਰਪੁਰ ਦੇ ਖਿਲਾਫ ਦਰਜ ਮੁੱਕਦਮੇ

1. ਮੁੱਕਦਮਾ ਨੰਬਰ 128 ਮਿਤੀ 9-9-2012 ਅ/ਧ 392,395 IPC & 22-61-85 NDPS Act ਥਾਣਾ ਗੁਰਾਇਆ
2. ਮੁੱਕਦਮਾ ਨੰਬਰ 47 ਮਿਤੀ 31-7-2012 ਅ/ਧ 399,402 IPC & 25 Arm Act ਥਾਣਾ ਗੜਦੀਵਾਲ
3. ਮੁੱਕਦਮਾ ਨੰਬਰ 84 ਮਿਤੀ 30-12-2015 ਅ/ਧ 379-B (II) IPC ਥਾਣਾ ਗੜਦੀਵਾਲ
4. ਮੁੱਕਦਮਾ ਨੰਬਰ 65 ਮਿਤੀ 17-12-2016 ਅ/ਧ 307,341,506 IPC & 27 Arm Act ਥਾਣਾ ਗੜਦੀਵਾਲ
5. ਮੁੱਕਦਮਾ ਨੰਬਰ 54 ਮਿਤੀ 29-8-2019 ਅ/ਧ 323,324,506 IPC ਥਾਣਾ ਗੜਦੀਵਾਲ

### ਰਜਿੰਦਰ ਸਿੰਘ ਉਰਫ ਜਿੰਦਰ ਪੁੱਤਰ ਨਰਿੰਦਰ ਸਿੰਘ ਵਾਸੀ ਕੰਧਾਲੀ ਨਰੰਗਪੁਰ ਥਾਣਾ ਟਾਂਡਾ ਦੇ ਖਿਲਾਫ ਦਰਜ ਮੁੱਕਦਮੇ

1. ਮੁੱਕਦਮਾ ਨੰਬਰ 54 ਮਿਤੀ 10-03-2015 ਅ/ਧ 447,511,427,506,323 IPC ਥਾਣਾ ਟਾਂਡਾ (PO)
2. ਮੁੱਕਦਮਾ ਨੰਬਰ 84 ਮਿਤੀ 30-12-2015 ਅ/ਧ 379-B (II) IPC ਥਾਣਾ ਗੜਦੀਵਾਲ
3. ਮੁੱਕਦਮਾ ਨੰਬਰ 65 ਮਿਤੀ 17-12-2016 ਅ/ਧ 307,341,506 IPC & 27 Arm Act ਥਾਣਾ ਗੜਦੀਵਾਲ
4. ਮੁੱਕਦਮਾ ਨੰਬਰ 136 ਮਿਤੀ 16-8-2012 ਅ/ਧ 341,324,323,342,148,149 IPC ਥਾਣਾ ਟਾਂਡਾ
5. ਮੁੱਕਦਮਾ ਨੰਬਰ 129 ਮਿਤੀ 1-7-2016 ਅ/ਧ 399,402,120-B IPC & 25 Arm Act ਥਾਣਾ ਸਿਟੀ ਕਪੂਰਥਲਾ


4 HARJINDER SINGH P.P.S
5 PIARA SINGH P.P.S
6 KARANVEER SINGH P.P.S
7 PARMINDER SINGH HEER P.P.S
8 MUKHTIAR RAI P.P.S
9 GURPREET SINGH GILL P.P.S
10 DALJIT SINGH KHAKH P.P.S
11 GURPREET SINGH GILL P.P.S
12 RAJ KUMAR BAJARH (PMMS) P.P.S
Kandhari